ਸਿੱਖ ਸਪੋਕਸਮੈਨ

The Sikh Spokesman Newspaper, Toronto, Canada. August 5, 2016

# ਸਦੀ ਦੇ ਬੇਖ਼ੌਫ 'ਪੰਥ ਦਰਦੀ ਪ੍ਰਚਾਰਕ' ਪ੍ਰੋਫੈਸਰ ਦਰਸ਼ਨ ਸਿੰਘ ਜੀ ਖ਼ਾਲਸਾ

**ਇੰਦਰਜੀਤ ਸਿੰਘ, ਕਾਨਪੁਰ**

ਕਈ ਵਾਰ ਪ੍ਰੋਫੈਸਰ ਦਰਸ਼ਨ ਸਿੰਘ ਪ੍ਰਤੀ ਸਾਡੇ ਮਨ ਵਿਚ ਮੌਜੂਦ ਸਤਿਕਾਰ, ਜਦੋਂ ਸਾਡੀ ਕਲਮ ਰਾਹੀਂ ਕਾਗ਼ਜ਼ ਤੇ ਉੱਤਰਦਾ ਹੈ ਤੇ ਅਸੀਂ ਉਨ੍ਹਾਂ ਨੂੰ 'ਰਾਗੀ' ਦਰਸ਼ਨ ਸਿੰਘ ਜਾਂ ਦਰਸ਼ਨ ਸਿੰਘ 'ਰਾਗੀ' ਕਹਿ ਕੇ ਸੰਬੋਧਿਤ ਕਰਨ ਵਾਲਿਆਂ ਦੀ ਆਲੋਚਨਾ ਦਾ ਸ਼ਿਕਾਰ ਹੋ ਜਾਂਦੇ ਹਾਂ। ਲੇਕਿਨ ਇਹ ਆਲੋਚਨਾ ਸਾਨੂੰ ਚੰਗੀ ਵੀ ਲਗਦੀ ਹੈ। ਅਸੀਂ ਉਨ੍ਹਾਂ ਦੇ ਪਿਛਲੱਗ ਜਾਂ ਅੰਧੇ ਸਮਰਥਕ ਨਹੀਂ ਹਾਂ। ਉਨ੍ਹਾਂ ਦਾ 'ਸਮਰਥਨ' ਅਤੇ 'ਸਤਿਕਾਰ' ਆਧਾਰ ਹੀਨ ਨਹੀਂ ਹੈ। ਅਸੀਂ ਉਨ੍ਹਾਂ ਆਲੋਚਕਾਂ ਕੋਲ਼ੋਂ ਕੁੱਝ ਸਵਾਲ ਕਰਦੇ ਹਾਂ ਕਿ ਪ੍ਰੋਫੈਸਰ ਸਾਹਿਬ ਜੇ ਕੇਵਲ ਇਕ 'ਰਾਗੀ' ਮਾਤਰ ਹੀ ਹਨ ਤੇ -

ਕੌਮ ਦਾ ਦੂਜਾ ਕਿਹੜਾ ਰਾਗੀ ਹੈ, ਜੋ ਪੰਥ ਲਈ ਇਕ ਸਾਲ ਜੇਲ੍ਹ ਦੀ ਕਾਲ ਕੋਠੜੀ ਵਿਚ ਡੱਕਿਆ ਰਿਹਾ ਹੋਵੇ ਅਤੇ ਉਸ ਉੱਪਰ ਕਈ ਮੁਕੱਦਮੇ ਠੋਕ ਦਿੱਤੇ ਗਏ ਹੋਣ?

ਪੰਥ ਦਾ ਉਹ ਹੋਰ ਕਿਹੜਾ ਰਾਗੀ ਜਾਂ ਪ੍ਰਚਾਰਕ ਹੈ, ਜੋ ਅਕਾਲ ਤਖ਼ਤ ਦੇ ਅਖੌਤੀ ਸੇਵਾਦਾਰਾਂ ਦੇ ਨਾਲ 'ਗੁਰਮਤਿ ਸਿਧਾਂਤਾਂ' ਲਈ ਲੜਿਆ ਹੋਵੇ?

ਪੰਥ ਦਾ ਉਹ ਹੋਰ ਕਿਹੜਾ ਰਾਗੀ ਹੈ, ਜੋ ਪ੍ਰਬੰਧਕਾਂ ਅਤੇ ਪ੍ਰਧਾਨਾਂ ਦੀ ਮਰਜ਼ੀ ਤੋਂ ਛੁੱਟ ਇੱਕ ਅੱਖਰ ਵੀ ਸਟੇਜ ਤੇ ਬੋਲਣ ਦੀ ਤਾਕਤ ਰਖਦਾ ਹੋਵੇ?

ਅਕਾਲ ਤਖ਼ਤ ਦਾ ਉਹ ਕਿਹੜਾ ਸੇਵਾਦਾਰ ਹੈ, ਜਿਸ ਨੇ 'ਸਰਬੱਤ ਖ਼ਾਲਸਾ' ਬੁਲਾਉਣ ਲਈ ਸਦਾ ਦਿੱਤਾ ਹੋਵੇ ? (ਇਸ ਦੇ 'ਇੰਪਲੀਮੈਂਟ' ਹੋਣ ਤੋ ਪਹਿਲਾਂ ਹੀ ਉਨ੍ਹਾਂ ਨੂੰ ਅਸਤੀਫ਼ਾ ਦੇਣਾ ਪਾਇਆ।)

ਅਕਾਲ ਤਖ਼ਤ ਦਾ ਉਹ ਕਿਹੜਾ ਸੇਵਾਦਾਰ ਹੈ, ਜਿਸ ਨੇ 'ਆਲ ਇੰਡੀਆ ਗੁਰਦਵਾਰਾ ਐਕਟ' ਲਾਗੂ ਕਰਵਾਉਣ ਲਈ ਪੁਰਜ਼ੋਰ ਪੈਰਵੀ ਕੀਤੀ?

ਅਕਾਲ ਤਖ਼ਤ ਦਾ ਦੂਜਾ ਕਿਹੜਾ ਸੇਵਾਦਾਰ ਹੈ, ਜਿਸ ਨੇ ਬਿਨਾ ਤਨਖ਼ਾਹ ਲਏ ਅਕਾਲ ਤਖ਼ਤ ਅਤੇ ਪੰਥ ਦੀ ਸੇਵਾ ਕੀਤੀ ਹੋਵੇ?

ਅਕਾਲ ਤਖ਼ਤ ਦਾ ਉਹ ਦੂਜਾ ਕਿਹੜਾ ਜਥੇਦਾਰ ਹੈ , ਜਿਸ ਨੇ ਉਸ ਵੇਲੇ ਦੀ ਜ਼ਾਲਮ ਸਰਕਾਰ ਨਾਲ ਟਾਕਰਾ ਲੈ ਕੇ 'ਨਵੀਂ ਸਿੱਖ ਪਨੀਰੀ' ਨੂੰ ਝੂਠੇ ਮੁਕਾਬਲਿਆਂ ਵਿਚ ਕਤਲ ਕਰਨ ਦੀ ਗਲ ਦੇ ਵਿਰੋਧ ਵਿਚ ਆਵਾਜ਼ ਚੁੱਕੀ ਹੋਵੇ ?



ਹੋਰ ਦੂਜਾ ਕਿਹੜਾ ਰਾਗੀ ਹੈ , ਜਿਸ ਨੇ ਸਟੇਜ ਤੇ 'ਪਸਰੀਚਾ' ਵਰਗੇ ਡੀ.ਆਈ.ਜੀ. ਕੋਲ਼ੋਂ 'ਸਿਰੋਪਾਉ' ਲੈਣ ਤੋਂ ਸਾਰੀ ਸੰਗਤ ਵਿਚ ਇਨਕਾਰ ਕਰ ਦਿੱਤਾ ਹੋਵੇ ? ਕਾਉਂਕੇ ਉਸ ਨੇ ਦਾੜ੍ਹਾ ਕਾਲਾ ਕੀਤਾ ਹੋਇਆ ਸੀ ।

(ਯੂਟਿਊਬ ਤੇ ਆਪ ਇਸ ਦੀ ਵੀਡੀਉ ਵੇਖ ਸਕਦੇ ਹੋ)।

ਹੋਰ ਦੂਜਾ ਕਿਹੜਾ ਰਾਗੀ ਹੈ, ਜਿਸ ਨੇ ਹਜ਼ੂਰ ਸਾਹਿਬ ਤੇ ਦਸਮ ਗ੍ਰੰਥ ਨਾਮ ਦੀ ਉਸ 'ਕੂੜ ਕਿਤਾਬ'ਅੱਗੇ ਮੱਥਾ ਟੇਕਣ ਅਤੇ ਉਸ ਸਾਹਮਣੇ ਕੀਰਤਨ ਕਰਨ ਤੋਂ ਇਨਕਾਰ ਕਰ ਦਿੱਤਾ ਹੋਵੇ?

ਉਹ ਕਿਹੜਾ ਪਹਿਲਾ ਰਾਗੀ ਸੀ, ਜਿਸ ਨੇ ਕੀਰਤਨ ਦੀ ਇਕ ਨਵੀਂ ਅਤੇ ਪ੍ਰਭਾਵਸ਼ਾਲੀ ਸ਼ੈਲੀ ਤਿਆਰ ਕੀਤੀ ? ਜਿਸ ਵਿਚ ਇਕ ਵਿਸ਼ੇ ਤੇ ਕੀਰਤਨ ਕਰਦਿਆਂ ਅਤੇ ਉਸ ਦੀ ਵਿਆਖਿਆ ਕਰਦਿਆਂ ਗੁਰਬਾਣੀ ਦੇ ਕਈ ਪ੍ਰਮਾਣਾਂ ਨੂੰ ਇੱਕ ਸਾਥ ਜੋੜਿਆ ਅਤੇ ਗਾਇਆ ਜਾਂਦਾ ਹੈ?

ਹੋਰ ਦੂਜਾ ਕਿਹੜਾ ਰਾਗੀ ਹੈ, ਜੋ 'ਸੱਚ' ਅਤੇ 'ਗੁਰ-ਮਤਿ' ਸਿਧਾਂਤ ਦੀ ਗਲ ਕਰਨ ਦੇ ਇਲਜ਼ਾਮ ਵਿੱਚ ਪੰਥ ਤੋਂ ਛੇਕ ਦਿੱਤਾ ਗਾਇਆ ਹੋਵੇ?

ਅਕਾਲ ਤਖ਼ਤ ਦਾ ਹੋਰ ਉਹ ਕਿਹੜਾ ਸੇਵਾਦਾਰ ਹੈ ਜੋ ਗੁਰੂ ਗ੍ਰੰਥ ਸਾਹਿਬ ਦੇ ਸਨਮਾਨ ਦੀ ਖ਼ਾਤਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਇਕ ਮਿੰਟ ਵਿਚ ਅਸਤੀਫ਼ਾ ਲਿਖ ਕੇ ਫੜਾ ਆਇਆ ਹੋਵੇ?

ਹੋਰ ਦੂਜਾ ਕਿਹੜਾ ਰਾਗੀ ਹੈ ਜੋ ਅਪਣਾ ਨਿੱਜੀ ਪੈਸਾ ਲਾ ਕੇ, ਹਰ ਸਾਲ 'ਨਾਨਕਸ਼ਾਹੀ ਕੈਲੰਡਰ' ਅਤੇ ਫ਼ਰੀ ਲਿਟਰੇਚਰ ਛਪਵਾ ਕੇ ਵੰਡਦਾ ਹੋਵੇ?

ਪ੍ਰੋਫੈਸਰ ਸਾਹਿਬ ਨੂੰ ਕਰੋੜਪਤੀ ਰਾਗੀ ਕਹਿਣ ਵਾਲੇ ਵੀਰੋ, ਕੀ ਸੰਤ ਸਿੰਘ ਮਸਕੀਨ ਕਰੋੜਪਤੀ ਨਹੀਂ ਸਨ ? ਉਨ੍ਹਾਂ ਨੂੰ ਤੇ ਕੌਮ ਨੇ 'ਪੰਥ ਰਤਨ' , ਗੁਰਮਤਿ ਮਾਰਤੰਡ ਅਤੇ 'ਬ੍ਰਹਮ ਗਿਆਨੀ' ਦੀ ਉਪਾਧੀ ਦਿੱਤੀ, ਜਦ ਕਿ ਉਹ 'ਦਸਮ ਗ੍ਰੰਥ ਦੇ ਪ੍ਰਚਾਰਕ' ਤੇ 'ਨਾਨਕਸ਼ਾਹੀ ਕੈਲੰਡਰ' ਦੇ ਕੱਟੜ ਵਿਰੋਧੀ ਰਹੇ । ਪੰਥ ਨੂੰ ਜਾਗਰੂਕ ਕਰਨ ਵਿਚ ਅਪਣਾ ਸਾਰਾ ਜੀਵਨ ਲਾ ਦੇਣ ਵਾਲੇ ਪ੍ਰੋਫੈਸਰ ਸਾਹਿਬ ਨੂੰ ਕੌਮ ਕੋਲ਼ੋਂ ਕੀ ਮਿਲਿਆ ? ਸਿਰਫ਼ ਇਕ 'ਰਾਗੀ' ਦੀ ਉਪਾਧੀ ?

ਸਾਡੇ ਕੋਲ ਦੂਜਾ ਕਿਹੜਾ ਰਾਗੀ ਹੈ ਜੋ ਬੰਬ ਡਾਂਗਾਂ, ਸੋਟੇ ਅਤੇ ਕਿਰਪਾਨਾਂ ਦਾ ਸਾਹਮਣਾ ਕਰਦਿਆਂ, ਆਪਣੀ ਜਾਨ 'ਤੇ ਖੇਡ ਕੇ ਕੌਮ ਨੂੰ 'ਸੁਚੇਤ' ਕਰਨ ਵਿਚ ਜੁਟਿਆ ਹੋਵੇ ?

ਇਤਿਹਾਸ ਵਿੱਚ ਅਕਾਲ ਤਖ਼ਤ ਦਾ ਦੂਜਾ ਕਿਹੜਾ ਜਥੇਦਾਰ ਪੈਦਾ ਹੋਇਆ ਹੈ , ਜਿਸ ਨੇ ਪੰਥ ਵਿਰੋਧੀ ਕਾਰਵਾਈਆਂ ਕਰਕੇ ਪੰਜਾਬ ਦੇ ਮੁੱਖ ਮੰਤਰੀ ਅਤੇ ਭਾਰਤ ਸਰਕਾਰ ਦੇ ਹੋਮ ਮਨਿਸਟਰ ਨੂੰ ਅਕਾਲ ਤਖ਼ਤ ਤੇ ਸੱਦ ਕੇ ਤਨਖ਼ਾਹ ਲਾਈ ਹੋਵੇ ? ਅਜੋਕੇ ਜਥੇਦਾਰ ਤਾਂ ਇਕ ਸਿਆਸਤਦਾਨ ਨੂੰ ਅਕਾਲ ਤਖ਼ਤ ਤੇ ਖਲੋ ਕੇ "ਫ਼ਖਰੇ ਕੌਮ" ਦਾ ਅਵਾਰਡ ਦੇ ਕੇ ਸਿੱਖ ਸਿਧਾਂਤਾਂ ਅਤੇ ਅਕਾਲ ਤਖ਼ਤ ਦੀ ਮਹਾਨਤਾ ਅਤੇ ਮਰਿਆਦਾ ਦਾ ਮਖ਼ੌਲ ਉਡਾ ਰਹੇ ਹਨ ।

ਹੋਰ ਦੂਜਾ ਕਿਹੜਾ ਰਾਗੀ ਹੈ ਜਿਸ ਨੇ ਕੌਮ ਦੇ ਵਿਦਵਾਨਾਂ ਅਤੇ ਬੁੱਧੀਜੀਵੀਆਂ ਨੂੰ ਇਕ ਛੱਤ ਹੇਠ ਇਕੱਠਾ ਕਰਨ ਲਈ ਕਈ ਵਾਰ ਕੋਸ਼ਿਸ਼ ਕੀਤੀ ਹੋਵੇ। ਇਸ ਉਮਰ ਵਿਚ ਵੀ ਉਹ ਨਿਡਰਤਾ ਅਤੇ ਹਿੰਮਤ ਨਾਲ 'ਸੱਚ ਦੀ ਗਲ' ਕਹਿਣ ਤੋ ਡਰਦਾ ਨਾਂ ਹੋਵੇ?

ਮੇਰੇ ਵੀਰੋ ! ਜੇ ਤੁਹਾਡੇ ਦਿਲ ਦੀ ਭੜਾਸ ਉਨ੍ਹਾਂ ਨੂੰ 'ਰਾਗੀ' ਕਹਿ ਕੇ ਹੀ ਨਿਕਲਦੀ ਹੈ ਤੇ ਬੇਸ਼ੱਕ ਕਹੋ।'ਰਾਗੀ' ਸ਼ਬਦ ਕੋਈ ਮਾੜਾ ਨਹੀਂ । ਲੇਕਿਨ ਇਹ ਵੀ ਸੱਚ ਹੈ ਕਿ ਅੱਜ ਦੇ ਦੌਰ ਵਿਚ ਉਨ੍ਹਾਂ ਦੀ ਜਗ੍ਹਾ ਲੈਣ ਵਾਲਾ ਕੋਈ ਹੋਰ ਨਿਡਰ ਪ੍ਰਚਾਰਕ, ਪੰਥ ਦਰਦੀ, ਗੁਰ-ਮਤਿ ਦਾ ਧਾਰਨੀ ਅਤੇ ਕੌਮ ਦਾ ਹਿਤੈਸ਼ੀ ਕੋਈ ਦੂਜਾ ਬੰਦਾ ਕੌਮ ਕੋਲ ਹੈ ਨਹੀਂ । ਜੇ ਹੈ, ਤਾਂ ਉਸ ਨੂੰ ਅੱਗੇ ਲਿਆਉ, ਅਸੀਂ ਉਸ ਦਾ ਵੀ ਉਨ੍ਹਾਂ ਹੀ ਸਤਿਕਾਰ ਕਰਾਂਗੇ ਜਿਨ੍ਹਾਂ ਅਸੀਂ ਪ੍ਰੋਫੈਸਰ ਸਾਹਿਬ ਦਾ ਕਰਦੇ ਹਾਂ । ਜੇ ਛੋਟੀਆਂ ਛੋਟੀਆਂ ਗਲ਼ਾਂ ਨੂੰ ਲੈ ਕੇ ਉਂਗਲੀ ਚੁਕੀ ਜਾਵੇ ਤੇ ਦੁਨੀਆ ਦਾ ਕੋਈ ਵੱਡੇ ਤੋਂ ਵੱਡਾ ਬੰਦਾ ਵੀ ਪਾਕ ਸਾਫ਼ ਨਹੀਂ ਨਿਕਲੇਗਾ। ਕਿਸੇ ਤੇ ਦੋਸ਼ ਲਾਉਣ ਵਾਲਾ ਵੀ ਕਈ ਵਿਕਾਰਾਂ ਦਾ ਪੁਤਲਾ ਹੋ ਸਕਦਾ ਹੈ । ਜੇ ਅਸੀਂ ਆਪਣੇ ਘਰ, ਆਪਣੇ ਨਿੱਜੀ ਪਰਿਵਾਰਿਕ ਜੀਵਨ ਵਲ ਝਾਤ ਮਾਰ ਕੇ ਵੇਖੀਏ, ਤਾਂ ਕੀ ਸਾਡੇ ਘਰ ਸਭ ਕੁੱਝ ਠੀਕ ਠਾਕ ਚੱਲ ਰਿਹਾ ਹੈ ? ਨਹੀਂ ਨਾਂ । ਫੇਰ ਦੂਜੇ ਤੇ ਚਿੱਕੜ ਕਿਉਂ?

# ਇਸ ਸਦੀ ਦੇ ਬੇਖੌਫ "ਪੰਥ ਦਰਦੀ ਪ੍ਰਚਾਰਕ" ਪ੍ਰੋਫੈਸਰ ਦਰਸ਼ਨ ਸਿੰਘ ਖਾਲਸਾ

-: *ਇੰਦਰ ਜੀਤ ਸਿੰਘ ਕਾਨਪੁਰ*

ਕਈ ਵਾਰ ਪ੍ਰੋਫੈਸਰ ਦਰਸ਼ਨ ਸਿੰਘ ਪ੍ਰਤੀ ਸਾਡੇ ਮਨ ਵਿਚ ਮੌਜੂਦ ਸਤਕਾਰ, ਜਦੋਂ ਸਾਡੀ ਕਲਮ ਰਾਹੀਂ ਕਾਗਜ 'ਤੇ ਉਤਰਦਾ ਹੈ ਤੇ ਅਸੀਂ ਉਨਾਂ ਨੂੰ 'ਰਾਗੀ' ਦਰਸ਼ਨ ਸਿੰਘ ਜਾਂ ਦਰਸ਼ਨ ਸਿੰਘ 'ਰਾਗੀ' ਕਹਿ ਕੇ ਸੰਬੋਧਿਤ ਕਰਨ ਵਾਲਿਆਂ ਦੀ ਆਲੋਚਨਾ ਦਾ ਸ਼ਿਕਾਰ ਹੋ ਜਾਂਦੇ ਹਾਂ। ਲੇਕਿਨ ਇਹ ਆਲੋਚਨਾ ਸਾਨੂੰ ਚੰਗੀ ਵੀ ਲਗਦੀ ਹੈ। ਅਸੀਂ ਉਨਾਂ ਦੇ ਪਿਛਲੱਗੂ ਜਾਂ ਅੰਧੇ ਸਮਰਥਕ ਨਹੀਂ ਹਾਂ। ਉਨਾਂ ਦਾ 'ਸਮਰਥਨ' ਅਤੇ 'ਸਤਿਕਾਰ' ਆਧਾਰ ਹੀਨ ਨਹੀਂ ਹੈ। ਅਸੀਂ ਉਨ੍ਹਾਂ ਆਲੋਚਕਾਂ ਕੋਲ਼ੋਂ ਕੁੱਝ ਸਵਾਲ ਕਰਦੇ ਹਾਂ, ਕਿ ਪ੍ਰੋਫੈਸਰ ਸਾਹਿਬ ਜੇ ਕੇਵਲ ਇਕ 'ਰਾਗੀ' ਮਾਤਰ ਹੀ ਹਨ ਤੇ -

- ਕੌਮ ਦਾ ਉਹ ਕਿਹੜਾ ਰਾਗੀ ਹੈ, ਜੋ ਪੰਥ ਲਈ ਇਕ ਸਾਲ ਜੇਲ ਦੀ ਕਾਲ ਕੋਠਰੀ ਵਿਚ ਡੱਕਿਆ ਰਹਿਆ ਹੋਵੇ ਤੇ ਉਸ ਉਪਰ ਕਈ ਮੁਕੱਦਮੇ ਠੋਕ ਦਿੱਤੇ ਗਏ ਹੋਣ?

- ਪੰਥ ਦਾ ਉਹ ਕਿਹੜਾ ਰਾਗੀ ਜਾਂ ਪ੍ਰਚਾਰਕ ਹੈ, ਜੋ ਅਕਾਲ ਤਖਤ ਦੇ ਅਖੌਤੀ ਸੇਵਾਦਾਰਾਂ ਦੇ ਨਾਲ 'ਗੁਰਮਤਿ ਸਿਧਾਂਤਾਂ' ਲਈ ਲੜਿਆ ਹੋਵੇ?

- ਪੰਥ ਦਾ ਉਹ ਕਿਹੜਾ ਰਾਗੀ ਹੈ, ਜੋ ਪ੍ਰਬੰਧਕਾਂ ਅਤੇ ਪ੍ਰਧਾਨਾਂ ਦੀ ਮਰਜੀ ਤੋਂ ਛੁੱਟ ਇੱਕ ਅਖੱਰ ਵੀ ਸਟੇਜ 'ਤੇ ਬੋਲਣ ਦੀ ਤਾਕਤ ਰਖਦਾ ਹੋਵੇ?

- ਅਕਾਲ ਤਖਤ ਦਾ ਉਹ ਕਿਹੜਾ ਸੇਵਾਦਾਰ ਹੈ, ਜਿਸਨੇ 'ਸਰਬਤ ਖਾਲਸਾ' ਬੁਲਾਉਣ ਲਈ ਸਦਾ ਦਿੱਤਾ ਹੋਵੇ? (ਇਸ ਦੇ 'ਇੰਪਲੀਮੈਂਟ' ਹੋਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਅਸਤੀਫਾ ਦੇਣਾ ਪਇਆ।)

- ਅਕਾਲ ਤਖਤ ਦਾ ਉਹ ਕਿਹੜਾ ਸੇਵਾਦਾਰ ਹੈ, ਜਿਸਨੇ 'ਆਲ ਇੰਡੀਆ ਗੁਰਦੁਵਾਰਾ ਐਕਟ' ਲਾਗੂ ਕਰਵਾਉਣ ਲਈ ਪੁਰਜੋਰ ਪੈਰਵੀ ਕੀਤੀ?

- ਅਕਾਲ ਤਖਤ ਦਾ ਉਹ ਕਿਹੜਾ ਸੇਵਾਦਾਰ ਹੈ, ਜਿਸਨੇ ਬਿਨਾ ਤਨਖਾਹ ਲਏ ਅਕਾਲ ਤਖਤ ਅਤੇ ਪੰਥ ਦੀ ਸੇਵਾ ਕੀਤੀ ਹੋਵੇ?

- ਅਕਾਲ ਤਖਤ ਦਾ ਉਹ ਕਿਹੜਾ ਜਥੇਦਾਰ ਹੈ, ਜਿਸਨੇ ਉਸ ਵੇਲੇ ਦੀ ਜਾਲਮ ਸਰਕਾਰ ਨਾਲ ਟਾਕਰਾ ਲੈ ਕੇ 'ਨਵੀਂ ਸਿੱਖ ਪਨੀਰੀ' ਨੂੰ ਝੂੱਠਿਆਂ ਮੁਕਾਬਲਿਆਂ ਵਿੱਚ ਕਤਲ ਕਰਨ ਦੀ ਗਲ ਦੇ ਵਿਰੋਧ ਵਿੱਚ ਆਵਾਜ਼ ਚੁੱਕੀ?

- ਕਿਹੜਾ ਰਾਗੀ ਹੈ, ਜਿਸਨੇ ਸਟੇਜ ਤੇ 'ਪਸਰੀਚੇ' ਵਰਗੇ ਡੀ.ਆਈ.ਜੀ. ਕੋਲੋਂ 'ਸਿਰੋਪਾਉ' ਲੈਣ ਤੋਂ ਸਾਰੀ ਸੰਗਤ ਵਿਚ ਇਨਕਾਰ ਕਰ ਦਿਤਾ ਹੋਵੇ? ਕਿਉਂਕਿ ਉਸ ਨੇ ਦਾਹੜਾ ਕਾਲਾ ਕੀਤਾ ਹੋਇਆ ਸੀ। (ਯੂ.ਟਿਊਬ 'ਤੇ ਆਪ ਇਸ ਦੀ ਵੀਡੀਉ ਵੇਖ ਸਕਦੇ ਹੋ)।

- ਕਿਹੜਾ ਰਾਗੀ ਹੈ ਜਿਸਨੇ ਹਜ਼ੂਰ ਸਾਹਿਬ ਤੇ ਦਸਮ ਗ੍ਰੰਥ ਨਾਮ ਦੀ ਉਸ "ਕੂੜ ਕਿਤਾਬ" ਅਗੇ ਮੱਥਾ ਟੇਕਣ ਅਤੇ ਉਸ ਸ੍ਾਮਣੇ ਕੀਰਤਨ ਕਰਨ ਤੋਂ ਇਨਕਾਰ ਕਰ ਦਿਤਾ ਹੋਵੇ?

- ਕਿਹੜਾ ਪਹਿਲਾ ਰਾਗੀ ਸੀ, ਜਿਸਨੇ ਕੀਰਤਨ ਦੀ ਇਕ ਨਵੀਂ ਤੇ ਪ੍ਰਭਾਵਸ਼ਾਲੀ ਸ਼ੈਲੀ ਤਿਆਰ ਕੀਤੀ? ਜਿਸ ਵਿਚ ਇਕ ਵਿਸ਼ੇ 'ਤੇ ਕੀਰਤਨ ਕਰਦਿਆਂ ਅਤੇ ਉਸ ਦੀ ਵਿਆਖਿਆਂ ਕਰਦਿਆਂ ਗੁਰਬਾਣੀ ਦੇ ਕਈ ਪ੍ਰਮਾਣਾਂ ਨੂੰ ਇਕ ਸਾਥ ਜੋੜਿਆ ਅਤੇ ਗਾਇਆ ਜਾਂਦਾ ਹੈ?

- ਕਿਹੜਾ ਰਾਗੀ ਹੈ, ਜੋ 'ਸੱਚ' ਅਤੇ 'ਗੁਰਮਤਿ' ਸਿਧਾਂਤ ਦੀ ਗਲ ਕਰਣ ਦੇ ਇਲਜਾਮ ਵਿੱਚ ਪੰਥ ਤੋਂ ਛੇਕ ਦਿੱਤਾ ਗਇਆ ਹੋਵੇ?

- ਅਕਾਲ ਤਖਤ ਦਾ ਉਹ ਕਿਹੜਾ ਸੇਵਾਦਾਰ ਹੈ, ਜੋ ਗੁਰੂ ਗ੍ਰੰਥ ਸਾਹਿਬ ਦੇ ਸਨਮਾਨ ਦੀ ਖਾਤਿਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਇਕ ਮਿਨਟ ਵਿੱਚ ਅਸਤੀਫਾ ਲਿੱਖ ਕੇ ਫੜਾ ਆਇਆ ਹੋਵੇ?

- ਕਿਹੜਾ ਰਾਗੀ ਹੈ, ਜੋ ਅਪਣਾ ਨਿਜੀ ਪੈਸਾ ਲਾ ਕੇ, ਹਰ ਸਾਲ 'ਨਾਨਕਸ਼ਾਹੀ ਕੈਲੰਡਰ' ਅਤੇ ਫ੍ਰੀ ਲਿਟਰੇਚਰ ਛਪਵਾ ਕੇ ਵੰਡਦਾ ਹੋਵੇ?

- ਪ੍ਰੋਫੈਸਰ ਸਾਹਿਬ ਨੂੰ ਕਰੋੜਪਤੀ ਰਾਗੀ ਕਹਿਣ ਵਾਲੇ ਵੀਰੋ, ਕੀ ਸੰਤ ਸਿੰਘ ਮਸਕੀਨ ਕਰੋੜਪਤੀ ਨਹੀਂ ਸਨ? ਉਨਾਂ ਨੂੰ ਤੇ ਕੌਮ ਨੇ 'ਪੰਥ ਰਤਨ' ਤੇ 'ਬ੍ਰਹਮ ਗਿਆਨੀ' ਦੀ ਉਪਾਧੀ ਦਿਤੀ, ਜਦ ਕੇ ਉਹ 'ਦਸਮ ਗ੍ਰੰਥ ਦੇ ਪ੍ਰਚਾਰਕ' ਤੇ 'ਨਾਨਕਸ਼ਾਹੀ ਕੈਲੰਡਰ' ਦੇ ਕਟੱੜ ਵਿਰੋਧੀ ਰਹੇ। ਪੰਥ ਨੂੰ ਜਾਗਰੂਕ ਕਰਨ ਵਿੱਚ ਆਪਣਾ ਸਾਰਾ ਜੀਵਨ ਲੇਖੇ ਲਾ ਦੇਣ ਵਾਲੇ ਪ੍ਰੋਫੈਸਰ ਸਾਹਿਬ ਨੂੰ ਕੌਮ ਕੋਲੋਂ ਕੀ ਮਿਲਿਆ? ਸਿਰਫ ਇਕ 'ਰਾਗੀ' ਦੀ ਉਪਾਧੀ?

- ਕਿਹੜਾ ਰਾਗੀ ਹੈ, ਜੋ ਡਾਂਗਾਂ, ਸੋਟੇ ਅਤੇ ਕਿਰਪਾਨਾਂ ਦਾ ਸ੍ਾਮਣਾ ਕਰਦਿਆਂ, ਆਪਣੀ ਜਾਨ 'ਤੇ ਖੇਡ ਕੇ ਕੌਮ ਨੂੰ 'ਸੁਚੇਤ' ਕਰਨ ਵਿਚ ਜੁੱਟਿਆ ਹੋਵੇ?

- ਕਿਹੜਾ ਰਾਗੀ ਹੈ, ਜਿਸਨੇ ਕੌਮ ਦੇ ਵਿਦਵਾਨਾਂ ਅਤੇ ਬੁਧਜੀਵੀਆਂ ਨੂੰ ਇੱਕ ਛੱਤ ਹੇਠ ਇਕੱਠਾ ਕਰਨ ਲਈ ਕਈ ਵਾਰ ਕੋਸ਼ਿਸ਼ ਕੀਤੀ ਹੋਵੇ। ਇਸ ਉਮਰ ਵਿੱਚ ਵੀ ਉਹ ਨਿਡਰਤਾ ਅਤੇ ਹਿੰਮਤ ਨਾਲ 'ਸੱਚ ਦੀ ਗਲ' ਕਹਿਣ ਤੋਂ ਡਰਦਾ ਨਾ ਹੋਵੇ?

ਮੇਰੇ ਵੀਰੋ! ਜੇ ਤੁਹਾਡੇ ਦਿਲ ਦੀ ਭੜਾਸ ਉਨਾਂ ਨੂੰ 'ਰਾਗੀ' ਕਹਿ ਕੇ ਹੀ ਨਿਕਲਦੀ ਹੈ ਤੇ ਬੇਸ਼ਕ ਕਹੋ। 'ਰਾਗੀ' ਸ਼ਬਦ ਕੋਈ ਮਾੜਾ ਨਹੀਂ। ਲੇਕਿਨ ਇਹ ਵੀ ਸੱਚ ਹੈ ਕਿ ਅੱਜ ਦੇ ਦੌਰ ਵਿੱਚ ਉਨਾਂ ਦੀ ਜਗ੍ਹਾ ਲੈਣ ਵਾਲਾ ਕੋਈ ਨਿਡਰ ਪ੍ਰਚਾਰਕ, ਪੰਥ ਦਰਦੀ, ਗੁਰਮਤਿ ਦਾ ਧਾਰਣੀ ਅਤੇ ਕੌਮ ਦਾ ਹਿਤੈਸ਼ੀ ਕੋਈ ਦੂਜਾ ਬੰਦਾ ਕੌਮ ਕੋਲ ਹੈ ਨਹੀਂ। ਜੇ ਹੈ, ਤਾਂ ਉਸ ਨੂੰ ਅੱਗੇ ਲਿਆਉ, ਅਸੀਂ ਉਸ ਦਾ ਵੀ ਉਨਾਂ ਹੀ ਸਤਿਕਾਰ ਕਰਾਂਗੇ, ਜਿਨਾਂ ਅਸੀਂ ਪ੍ਰੋਫੈਸਰ ਸਾਹਿਬ ਦਾ ਕਰਦੇ ਹਾਂ। ਜੇ ਛੋਟੀਆਂ ਛੋਟੀਆਂ ਨਿਜੀ ਗਲਾਂ ਨੂੰ ਲੈਕੇ ਉਂਗਲੀ ਚੁਕੀ ਜਾਵੇ ਤੇ ਦੁਨੀਆਂ ਦਾ ਕੋਈ ਵਡੇ ਤੋਂ ਵਡਾ ਬੰਦਾ ਵੀ ਪਾਕ ਸਾਫ ਨਹੀਂ ਨਿਕਲੇਗਾ। ਕਿਸੇ 'ਤੇ ਦੋਸ਼ ਲਾਉਣ ਵਾਲਾ ਵੀ ਕਈ ਵਿਕਾਰਾਂ ਦਾ ਪੁਤਲਾ ਹੋ ਸਕਦਾ ਹੈ। ਜੇ ਅਸੀਂ ਆਪਣੇ ਘਰ, ਆਪਣੇ ਨਿਜੀ ਪਰਿਵਾਰਿਕ ਜੀਵਨ ਵਲ ਝਾਤ ਮਾਰ ਕੇ ਵੇਖਿਏ, ਤਾਂ ਕੀ ਸਾਡੇ ਘਰ ਸਭ ਕੁੱਝ ਠੀਕ ਠਾਕ ਚਲ ਰਿਹਾ ਹੈ? ਨਹੀਂ ਨਾਂ। ਫੇਰ ਦੂਜੇ 'ਤੇ ਚਿਕੜ ਕਿਉਂ?

Article on Prof. Darshan Singh Khalsa in Sikh Spokesman 5 Aug 2016

Source: www.KhalsaNews.org

Date: August 6, 2016